Social Security Scotland
Tèarainteachd Shòisealta Alba

ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀ (ਪੈਨਸ਼ਨ ਏਜ ਵਿੰਟਰ ਹੀਟਿੰਗ ਪੇਮੈਂਟ)

ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀ ਕੀ ਹੈ?

ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀ ਪੈਨਸ਼ਨ ਉਮਰ ਦੇ ਲੋਕਾਂ ਨੂੰ ਉਹਨਾਂ ਦੇ ਹੀਟਿੰਗ ਦੇ ਬਿੱਲਾਂ ਵਿੱਚ ਸਹਾਇਤਾ ਕਰਨ ਲਈ ਇੱਕ ਸਾਲਾਨਾ ਅਦਾਇਗੀ ਹੈ।

ਇਹ ਸਕਾਟਲੈਂਡ ਵਿੱਚ ਕੰਮ ਅਤੇ ਪੈਨਸ਼ਨ ਵਿਭਾਗ (ਡਿਪਾਰਟਮੈਂਟ ਫਾਰ ਵਰਕ ਐਂਡ ਪੈਨਸ਼ਨਜ਼ - DWP) ਵੱਲੋਂ ਵਿੰਟਰ ਫਿਊਲ ਅਦਾਇਗੀ (ਵਿੰਟਰ ਫਿਊਲ ਪੇਮੈਂਟ) ਦੀ ਥਾਂ ਦਿੱਤੀ ਜਾਂਦੀ ਹੈ।

ਇਹ ਅਦਾਇਗੀ ਕਿਸਨੂੰ ਮਿਲਦੀ ਹੈ?

ਸਕਾਟਲੈਂਡ ਵਿੱਚ ਸਟੇਟ ਪੈਨਸ਼ਨਰ ਜਿਨ੍ਹਾਂ ਦਾ ਜਨਮ 27 ਜੂਨ 1960 ਨੂੰ ਜਾਂ ਇਸ ਤੋਂ ਪਹਿਲਾਂ ਹੋਇਆ ਸੀ, ਉਹਨਾਂ ਨੂੰ ਇਹ ਅਦਾਇਗੀ ਮਿਲੇਗੀ। ਜੇਕਰ ਉਹਨਾਂ ਦੀ ਕੁੱਲ ਵਿਅਕਤੀਗਤ ਆਮਦਨ £35,000 ਤੋਂ ਵੱਧ ਹੈ, ਤਾਂ ਹਿਜ਼ ਮੈਜੇਸਟੀਜ਼ ਰੈਵੇਨਿਊ ਐਂਡ ਕਸਟਮਜ਼ (HMRC) ਟੈਕਸ ਪ੍ਰਣਾਲੀ ਰਾਹੀਂ ਇਹ ਅਦਾਇਗੀ ਵਾਪਸ ਲੈ ਲਵੇਗਾ।

ਕੀ ਲੋਕਾਂ ਨੂੰ ਅਪਲਾਈ ਕਰਨ ਦੀ ਲੋੜ ਹੈ?

ਜ਼ਿਆਦਾਤਰ ਲੋਕਾਂ ਨੂੰ ਆਪਣੇ ਆਪ ਇਸ ਦੀ ਅਦਾਇਗੀ ਕੀਤੀ ਜਾਵੇਗੀ ਅਤੇ ਉਹਨਾਂ ਨੂੰ ਅਰਜ਼ੀ ਦੇਣ ਦੀ ਲੋੜ ਨਹੀਂ ਹੈ।

ਇਹ ਅਦਾਇਗੀ ਕਿੰਨੀ ਹੈ?

ਲੋਕਾਂ ਨੂੰ ਯੋਗਤਾ ਵਾਲੇ ਹਫ਼ਤੇ ਦੌਰਾਨ ਉਹਨਾਂ ਦੇ ਹਾਲਾਤਾਂ ਦੇ ਆਧਾਰ 'ਤੇ £105.55 ਅਤੇ £316.70 ਦੇ ਵਿਚਕਾਰ ਅਦਾਇਗੀ ਪ੍ਰਾਪਤ ਹੋਵੇਗੀ।

ਇਹ ਅਦਾਇਗੀ ਕਿਵੇਂ ਅਤੇ ਕਦੋਂ ਕੀਤੀ ਜਾਂਦੀ ਹੈ?

ਜ਼ਿਆਦਾਤਰ ਲੋਕਾਂ ਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੁੰਦੀ ਹੈ ਅਤੇ ਉਹਨਾਂ ਨੂੰ ਆਪਣੇ ਸਟੇਟ ਪੈਨਸ਼ਨ ਜਾਂ ਸਮਾਜਿਕ ਸੁਰੱਖਿਆ ਸਕਾਟਲੈਂਡ (ਸੋਸ਼ਲ ਸਿਕਿਓਰਿਟੀ ਸਕਾਟਲੈਂਡ) ਦੇ ਲਾਭਾਂ ਵਾਲੇ ਖਾਤੇ ਵਿੱਚ ਹੀ ਆਪਣੇ-ਆਪ ਅਦਾਇਗੀ ਮਿਲ ਜਾਵੇਗੀ।

ਅਦਾਇਗੀਆਂ ਨਵੰਬਰ 2026 ਤੋਂ ਕੀਤੀਆਂ ਜਾਣਗੀਆਂ ਅਤੇ ਪੂਰੀਆਂ ਸਰਦੀਆਂ ਦੌਰਾਨ ਜਾਰੀ ਰਹਿਣਗੀਆਂ।

ਐੱਚ.ਐੱਮ.ਆਰ.ਸੀ. (HMRC) ਲੋਕਾਂ ਦੀ ਸਾਲਾਨਾ ਆਮਦਨ ਦੀ ਗਣਨਾ ਕਿਵੇਂ ਕਰਦਾ ਹੈ?

£35,000 ਦੀ ਸਾਲਾਨਾ ਆਮਦਨ ਸੀਮਾ ਵਿੱਚ ਆਮਦਨ ਦੀ ਉਹ ਕੁੱਲ ਰਕਮ ਸ਼ਾਮਲ ਹੁੰਦੀ ਹੈ ਜੋ ਕੋਈ ਵਿਅਕਤੀ ਕਿਸੇ ਵੀ ਕਟੌਤੀ ਤੋਂ ਪਹਿਲਾਂ, ਉਸ ਟੈਕਸ ਸਾਲ ਵਿੱਚ ਪ੍ਰਾਪਤ ਕਰਨ ਦੀ ਉਮੀਦ ਕਰਦਾ ਹੈ। ਕੁਝ ਲੋਕ ਇਸਨੂੰ ਕੁੱਲ (ਗ੍ਰੌਸ) ਰਕਮ ਵਜੋਂ ਜਾਣਦੇ ਹੋਣਗੇ।

ਇਸ ਵਿੱਚ ਪ੍ਰਾਪਤ ਹੋਈ ਕੋਈ ਵੀ ਨਿੱਜੀ ਆਮਦਨ ਸ਼ਾਮਲ ਹੋਵੇਗੀ, ਉਦਾਹਰਨ ਲਈ ਸਟੇਟ ਪੈਨਸ਼ਨ, ਪ੍ਰਾਈਵੇਟ ਪੈਨਸ਼ਨ, ਸਵੈ-ਰੁਜ਼ਗਾਰ, ਰੁਜ਼ਗਾਰ, ਕੋਈ ਵੀ ਸਟੇਟ ਲਾਭ (ਬੈਨੀਫਿਟਸ) ਜੋ ਟੈਕਸਯੋਗ ਹਨ, non-ISA ਸੇਵਿੰਗਜ਼ ਦਾ ਵਿਆਜ ਅਤੇ ਨਿਵੇਸ਼। ਜੇਕਰ ਘਰ ਵਿੱਚ ਇੱਕ ਤੋਂ ਵੱਧ ਵਿਅਕਤੀਆਂ ਨੂੰ ਅਦਾਇਗੀ ਮਿਲੇਗੀ, ਤਾਂ ਐੱਚ.ਐੱਮ.ਆਰ.ਸੀ. ਉਹਨਾਂ ਦੀ ਆਮਦਨ ਨੂੰ ਵੱਖਰੇ ਤੌਰ 'ਤੇ ਦੇਖੇਗਾ।

ਐੱਚ.ਐੱਮ.ਆਰ.ਸੀ. (HMRC) ਉਹਨਾਂ ਲੋਕਾਂ ਨੂੰ ਅਦਾ ਕੀਤੀਆਂ ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀਆਂ ਕਦੋਂ ਵਾਪਸ ਲਵੇਗਾ ਜਿਨ੍ਹਾਂ ਦੀ ਆਮਦਨ £35,000 ਤੋਂ ਵੱਧ ਹੈ?

ਪੀ.ਏ.ਵਾਈ.ਈ. (PAYE) ਗਾਹਕਾਂ ਲਈ, ਐੱਚ.ਐੱਮ.ਆਰ.ਸੀ. ਗਾਹਕ ਦੇ ਟੈਕਸ ਕੋਡ ਵਿੱਚ ਤਬਦੀਲੀ ਰਾਹੀਂ ਆਟੋਮੈਟਿਕ ਤੌਰ 'ਤੇ ਅਦਾਇਗੀਆਂ ਵਾਪਸ ਲੈ ਲੇਗਾ। 2027/28 ਵਿੱਚ, ਐੱਚ.ਐੱਮ.ਆਰ.ਸੀ. ਉਹਨਾਂ ਅਦਾਇਗੀਆਂ ਨੂੰ ਉਸੇ ਸਾਲ ਦੌਰਾਨ ਸਮੇਂ ਤੋ ਪਹਿਲਾਂ ਹੀ ਵਾਪਸ ਲੈਣਾ ਸ਼ੁਰੂ ਕਰੇਗਾ ਜਿਸ ਸਾਲ ਉਹਨਾਂ ਦਾ ਭੁਗਤਾਨ ਕੀਤਾ ਜਾਂਦਾ ਹੈ। ਅਜਿਹਾ ਹੋਣ ਦੇਣ ਲਈ, ਇੱਕ ਅਜਿਹਾ ਸਮਾਂ ਹੋਵੇਗਾ ਜਦੋਂ ਦੋ ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀਆਂ (ਪੈਨਸ਼ਨ ਏਜ ਵਿੰਟਰ ਹੀਟਿੰਗ ਪੇਮੈਂਟਸ) ਇਕੱਠੀਆਂ ਵਾਪਸ ਲੈ ਲਈਆਂ ਜਾਣਗੀਆਂ।

ਸਵੈ-ਮੁਲਾਂਕਣ (ਸੈਲਫ ਅਸੈਸਮੈਂਟ) ਗਾਹਕਾਂ ਨੂੰ ਆਪਣੇ ਟੈਕਸ ਰਿਟਰਨ ਵਿੱਚ ਆਪਣੀ ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀ ਸ਼ਾਮਲ ਕਰਨੀ ਪਵੇਗੀ। ਜਿੱਥੇ ਸੰਭਵ ਹੋਵੇਗਾ, ਐੱਚ.ਐੱਮ.ਆਰ.ਸੀ. ਆਨਲਾਈਨ ਫਾਈਲ ਕਰਨ ਵਾਲਿਆਂ ਲਈ ਇਸਨੂੰ ਆਟੋਮੈਟਿਕ ਤੌਰ 'ਤੇ ਸ਼ਾਮਲ ਕਰੇਗਾ, ਪਰ ਗਾਹਕਾਂ ਨੂੰ ਜਾਂਚ ਕਰਨੀ ਚਾਹੀਦੀ ਹੈ ਅਤੇ ਜੇਕਰ ਸ਼ਾਮਲ ਨਹੀਂ ਕੀਤਾ ਗਿਆ ਹੈ ਤਾਂ ਇਸਨੂੰ ਖੁਦ ਸ਼ਾਮਲ ਕਰਨਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ **www.gov.uk/guidance/paying-back-the-winter-fuel-payment** 'ਤੇ ਜਾਓ

ਫੈਕਟ ਸ਼ੀਟ

mygov.scot

Pension Age Winter Heating Payment factsheet August 2026_Punjabi.indd 1 01/09/2026 14:40:49

ਕੀ ਲੋਕ ਇਹ ਅਦਾਇਗੀ ਪ੍ਰਾਪਤ ਕਰਨ ਤੋਂ ਇਨਕਾਰ ਕਰ ਸਕਦੇ ਹਨ?

ਹਾਂ। ਲੋਕ ਭਵਿੱਖ ਦੀਆਂ ਸਾਰੀਆਂ ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀਆਂ ਪ੍ਰਾਪਤ ਕਰਨ ਤੋਂ ਇਨਕਾਰ ਕਰਨ ਦੀ ਚੋਣ ਕਰ ਸਕਦੇ ਹਨ। **mygov.scot/pensionheating** 'ਤੇ ਜਾ ਕੇ ਇਹ ਪਤਾ ਲਗਾਓ ਕਿ ਇਨਕਾਰ ਕਿਵੇਂ ਕਰਨਾ ਹੈ

ਕੀ ਇਹ ਅਦਾਇਗੀ ਪ੍ਰਾਪਤ ਕਰਨ ਨਾਲ ਹੋਰ ਲਾਭਾਂ 'ਤੇ ਅਸਰ ਪਵੇਗਾ?

ਨਹੀਂ। ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀ ਪ੍ਰਾਪਤ ਕਰਨ ਦਾ ਕਿਸੇ ਵੀ ਹੋਰ ਲਾਭਾਂ 'ਤੇ ਕੋਈ ਅਸਰ ਨਹੀਂ ਪਵੇਗਾ।

ਲੋਕਾਂ ਨੂੰ ਹਾਲਾਤਾਂ ਵਿੱਚ ਹੋਣ ਵਾਲੀ ਤਬਦੀਲੀ ਬਾਰੇ ਕੰਮ ਅਤੇ ਪੈਨਸ਼ਨ ਵਿਭਾਗ (DWP) ਨੂੰ ਸੂਚਿਤ ਕਰਨਾ ਚਾਹੀਦਾ ਹੈ, ਉਦਾਹਰਨ ਲਈ ਕਿਸੇ ਕੇਅਰ ਹੋਮ ਵਿੱਚ ਜਾਣਾ ਜਾਂ ਕਿਸੇ ਹੋਰ ਯੋਗ ਵਿਅਕਤੀ ਨਾਲ ਰਹਿਣਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਨੂੰ ਅਦਾਇਗੀ ਦੀ ਸਹੀ ਰਕਮ ਮਿਲਦੀ ਹੈ।

ਇਸ ਅਦਾਇਗੀ ਲਈ ਅਰਜ਼ੀ ਦੇਣ ਦੀ ਲੋੜ ਕਿਸਨੂੰ ਪੈ ਸਕਦੀ ਹੈ?

ਲੋਕਾਂ ਨੂੰ ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀ ਲਈ ਅਰਜ਼ੀ ਦੇਣਦੀ ਲੋੜ ਪੈ ਸਕਦੀ ਹੈ ਜੇਕਰ ਉਹ:

- ਆਪਣੀ ਸਟੇਟ ਪੈਨਸ਼ਨ ਨੂੰ ਮੁਲਤਵੀ (ਸਥਗਤ) ਕਰ ਚੁੱਕੇ ਹਨ
- ਕੰਮ ਅਤੇ ਪੈਨਸ਼ਨ ਵਿਭਾਗ, ਰੱਖਿਆ ਮੰਤਰਾਲੇ (ਮਿਨਿਸਟਰੀ ਆਫ਼ ਡਿਫੈਂਸ) ਜਾਂ ਸਮਾਜਿਕ ਸੁਰੱਖਿਆ ਸਕਾਟਲੈਂਡ (ਸੋਸ਼ਲ ਸਿਕਿਓਰਿਟੀ ਸਕਾਟਲੈਂਡ) ਤੋਂ ਕੋਈ ਹੋਰ ਲਾਭ ਪ੍ਰਾਪਤ ਨਹੀਂ ਕਰ ਰਹੇ ਹਨ
- ਇੱਕ ਅਜਿਹਾ ਜੋੜਾ ਹਨ ਜਿਨ੍ਹਾਂ ਕੋਲ ਪੈਨਸ਼ਨ ਕ੍ਰੈਡਿਟ, ਆਮਦਨ-ਆਧਾਰਿਤ ਨੌਕਰੀ ਲੱਭਣ ਵਾਲਿਆਂ ਦਾ ਭੱਤਾ (JSA) ਆਮਦਨ-ਸੰਬੰਧਿਤ ਰੁਜ਼ਗਾਰ ਅਤੇ ਸਹਾਇਤਾ ਭੱਤਾ (ਇਨਕਮ-ਰਿਲੇਟਿਡ ਇੰਪਲਾਇਮੈਂਟ ਐਂਡ ਸਪੋਰਟ ਅਲਾਊਂਸ – ESA), ਆਮਦਨ ਸਹਾਇਤਾ (ਇਨਕਮ ਸਪੋਰਟ) ਜਾਂ ਯੂਨੀਵਰਸਲ ਕ੍ਰੈਡਿਟ ਲਈ ਸੰਯੁਕਤ ਅਵਾਰਡ ਹੈ ਅਤੇ ਉਹ ਲਾਭ ਪ੍ਰਾਪਤ ਕਰਨ ਵਾਲੇ ਮੁੱਖ ਵਿਅਕਤੀ ਦੀ ਉਮਰ ਸਟੇਟ ਪੈਨਸ਼ਨ ਦੀ ਉਮਰ ਤੋਂ ਘੱਟ ਹੈ

ਲੋਕ ਕਿਵੇਂ ਅਰਜ਼ੀ ਦੇ ਸਕਦੇ ਹਨ?

ਪੈਨਸ਼ਨ ਉਮਰ ਦੀ ਵਿੰਟਰ ਹੀਟਿੰਗ ਅਦਾਇਗੀ ਲਈ ਅਰਜ਼ੀ ਦੇਣ ਲਈ ਲੋਕ ਜਾਂ ਤਾਂ ਫੋਨ ਰਾਹੀਂ ਅਪਲਾਈ ਕਰਨ ਲਈ ਸਮਾਜਿਕ ਸੁਰੱਖਿਆ ਸਕਾਟਲੈਂਡ ਨੂੰ 0800 182 2222 'ਤੇ ਮੁਫ਼ਤ ਕਾਲ ਕਰ ਸਕਦੇ ਹਨ ਜਾਂ ਆਪਣੇ ਪਤੇ 'ਤੇ ਇੱਕ ਪੇਪਰ ਐਪਲੀਕੇਸ਼ਨ ਫਾਰਮ ਭੇਜਣ ਲਈ ਕਹਿ ਸਕਦੇ ਹਨ।

ਲੋਕਾਂ ਨੂੰ ਕਿੰਨੀ ਰਕਮ ਪ੍ਰਾਪਤ ਹੋਣ ਦੀ ਸੰਭਾਵਨਾ ਹੈ?

ਘਰ ਵਿੱਚ ਕੌਣ ਰਹਿੰਦਾ ਹੈ?	ਉਨ੍ਹਾਂ ਦੀ ਉਮਰ ਕਿੰਨੀ ਹੈ?	ਉਹਨਾਂ ਨੂੰ ਕਿੰਨੀ ਰਕਮ ਮਿਲੇਗੀ?
ਸਟੇਟ ਪੈਨਸ਼ਨ ਤੋਂ ਵੱਧ ਉਮਰ ਦਾ ਇੱਕ ਵਿਅਕਤੀ	80 ਸਾਲ ਤੋਂ ਘੱਟ ਉਮਰ ਦਾ	£211.15
	80 ਸਾਲ ਤੋਂ ਵੱਧ ਉਮਰ ਦਾ	£316.70
ਸਟੇਟ ਪੈਨਸ਼ਨ ਉਮਰ ਤੋਂ ਵੱਧ ਇੱਕ ਤੋਂ ਵੱਧ ਵਿਅਕਤੀ	ਦੋਵਾਂ ਦੀ ਉਮਰ 80 ਸਾਲ ਤੋਂ ਘੱਟ ਹੈ	ਹਰੇਕ ਨੂੰ £105.55
	ਦੋਵਾਂ ਦੀ ਉਮਰ 80 ਸਾਲ ਤੋਂ ਵੱਧ ਹੈ	ਹਰੇਕ ਨੂੰ £158.35
	ਇੱਕ ਦੀ ਉਮਰ 80 ਤੋਂ ਘੱਟ ਹੈ ਅਤੇ ਇੱਕ ਦੀ ਉਮਰ 80 ਸਾਲ ਤੋਂ ਵੱਧ ਹੈ	80 ਤੋਂ ਘੱਟ ਉਮਰ ਵਾਲੇ ਵਿਅਕਤੀ ਨੂੰ £105.55 ਮਿਲਣਗੇ ਅਤੇ 80 ਤੋਂ ਵੱਧ ਉਮਰ ਵਾਲੇ ਵਿਅਕਤੀ ਨੂੰ £211.15 ਮਿਲਣਗੇ
ਜੋੜਾ ਜੋ ਸਾਂਝੇ ਤੌਰ 'ਤੇ ਪੈਨਸ਼ਨ ਕ੍ਰੈਡਿਟ ਦਾ ਦਾਅਵਾ ਕਰ ਰਿਹਾ ਹੈ	ਦੋਵਾਂ ਦੀ ਉਮਰ 80 ਸਾਲ ਤੋਂ ਘੱਟ ਹੈ	ਇਕੱਠੀ ਰਾਸ਼ੀ £211.15
	ਇੱਕ ਦੀ ਉਮਰ 80 ਸਾਲ ਤੋਂ ਵੱਧ ਹੈ	£316.70 ਦੀ ਇੱਕ ਇਕੱਠੀ ਰਾਸ਼ੀ
ਕੁਝ ਖਾਸ ਲਾਭ ਪ੍ਰਾਪਤ ਕਰਨ ਵਾਲਾ ਵਿਅਕਤੀ*	80 ਸਾਲ ਤੋਂ ਘੱਟ ਉਮਰ ਦਾ	£211.15 ਉਹ ਕਿਸ ਦੇ ਨਾਲ ਰਹਿੰਦੇ ਹਨ ਇਸ ਤੇ ਵਿਚਾਰ ਕੀਤੇ ਬਿਨਾਂ
	80 ਸਾਲ ਤੋਂ ਵੱਧ ਉਮਰ ਦਾ	£316.70 ਉਹ ਕਿਸ ਦੇ ਨਾਲ ਰਹਿੰਦੇ ਹਨ ਇਸ ਤੇ ਵਿਚਾਰ ਕੀਤੇ ਬਿਨਾਂ
ਰਿਹਾਇਸ਼ੀ ਦੇਖਭਾਲ ਵਿੱਚ ਰਹਿਣ ਵਾਲਾ ਅਤੇ ਲਾਭ ਪ੍ਰਾਪਤ **ਨਹੀਂ** ਕਰਨ ਵਾਲਾ ਵਿਆਕਤੀ	80 ਸਾਲ ਤੋਂ ਘੱਟ ਉਮਰ ਦਾ	£105.55
	80 ਸਾਲ ਤੋਂ ਵੱਧ ਉਮਰ ਦਾ	£158.35

ਲੋਕ ਸਾਡੇ ਨਾਲ ਕਿਵੇਂ ਸੰਪਰਕ ਕਰ ਸਕਦੇ ਹਨ?

ਸਾਨੂੰ ਇੱਥੇ ਮੁਫ਼ਤ ਕਾਲ ਕਰੋ: 0800 182 2222

ਟੈਕਸਟ ਰਿਲੇਅ ਸਰਵਿਸ (Text Relay Service):
18001 +0300 244 4000
(ਸੁਣਨ ਵਿੱਚ ਕਠਨਾਈ ਵਾਲਿਆਂ ਲਈ)

ਬ੍ਰਿਟਿਸ਼ ਸਾਈਨ ਲੈਂਗੁਏਜ (British Sign Language) ਉਪਭੋਗਤਾ: contactscotland-bsl.org

ਵੈੱਬਚੈਟ: chat.socialsecurity.gov.scot

ਸਮਾਜਿਕ ਸੁਰੱਖਿਆ ਸਕਾਟਲੈਂਡ ਦਾ ਅਨੁਸਰਣ ਕਰੋ

Pension Age Winter Heating Payment factsheet August 2026_Punjabi.indd 2 01/09/2026 14:40:49